aglasem.com

HBSE MODEL PAPER 2024



Practice Papers

MODEL PAPERS

Marking Scheme

ANSWER KEY

schools.aglasem.com

ਮਾਡਲ ਪ੍ਰਸ਼ਨ-ਪੱਤਰ
ਜਮਾਤ : ਦਸਵੀਂ
ਵਿਸ਼ਾ : ਪੰਜਾਬੀ

ਕੋਡ : 037 **ਸੈਸ਼ਨ : 2023-24**
ਸਮਾਂ : ਤਿੰਨ ਘੰਟੇ **ਕੁੱਲ ਅੰਕ : 80**
ਪੇਪਰ : ਸਾਲਾਨਾ

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁਲ੍ਹੀ-ਖੁਲ੍ਹੀ ਕਰਨ ਦਾ ਜਤਨ ਕਰੋ।

❖ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

ਭਾਗ (ੳ)

1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: 5

ਕਿਸੇ ਵਾਪਰੀ ਘਟਨਾ ਦਾ ਕ੍ਰਮ ਅਨੁਸਾਰ ਵੇਰਵਾ ਪੇਸ਼ ਕਰਨ ਨੂੰ ਬਿਰਤਾਂਤ ਆਖਦੇ ਹਨ। ਇਸ ਵਿਚ ਜੀਵਨੀਆਂ, ਅਭੁੱਲ ਯਾਦਾਂ, ਯਾਤਰਾਵਾਂ ਅਤੇ ਇਤਿਹਾਸ ਵਿੱਚ ਵਾਪਰੀਆਂ ਮਹੱਤਵਪੂਰਨ ਘਟਨਾਵਾਂ ਆਦਿ ਬਾਰੇ ਲੇਖ ਆਉਂਦੇ ਹਨ। ਇਹ ਚੇਤੇ ਰੱਖਣ ਦੀ ਲੋੜ ਹੈ ਕਿ ਕੋਈ ਵੀ ਲੇਖ ਮੁਕੰਮਲ ਤੌਰ ਤੇ ਨਾ ਵਰਣਨਾਤਮਕ ਹੁੰਦਾ ਹੈ ਅਤੇ ਨਾ ਬਿਰਤਾਂਤਕ। ਹਰਿਮੰਦਰ ਸਾਹਿਬ ਬਾਰੇ ਦਿੱਤਾ ਵੇਰਵਾ ਵਰਣਨਾਤਮਕ ਪਰ ਉਸ ਦੇ ਇਤਿਹਾਸ ਦਾ ਵੇਰਵਾ ਬਿਰਤਾਂਤਕ ਹੋਵੇਗਾ। ਬਿਰਤਾਂਤਕ ਲੇਖ ਵਿੱਚ ਵੇਰਵਾ ਸਮੇਂ ਦੇ ਪੱਖੋਂ ਹੁੰਦਾ ਹੈ।

(i) ਬਿਰਤਾਂਤ ਕੀ ਹੈ?

(ii) ਕੀ ਚੇਤੇ ਰੱਖਣ ਦੀ ਲੋੜ ਹੈ?

(iii) ਬਿਰਤਾਂਤ ਵਿੱਚ ਕਿਸ ਤਰ੍ਹਾਂ ਦੇ ਲੇਖ ਆਉਂਦੇ ਹਨ?

2.(i) 'ਦਾਰ' ਪਿਛੇਤਰ ਤੋਂ ਇੱਕ ਸ਼ਬਦ ਬਣਾਓ : 1

(ii) 'ਅਤਿ' ਅਗੇਤਰ ਤੋਂ ਇੱਕ ਸ਼ਬਦ ਬਣਾਓ : 1

(iii) ਆਪਣਾ ਕਾਰੋਬਾਰ ਦੱਸੋ। (ਪ੍ਰਸ਼ਨਵਾਚਕ ਵਾਕ ਬਣਾਓ) 1

(iv) ਉਹ ਹਮੇਸ਼ਾ ਸੱਚ ਬੋਲਦਾ ਹੈ। (ਨਾਂਹਵਾਚਕ ਵਾਕ ਬਣਾਓ) 1

3. ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਚੁਣ ਕੇ ਲਿਖੋ: 1x4=4

(i) ਸ਼ੁੱਧ ਸ਼ਬਦ ਚੁਣੋ :

(ੳ) ਕਹਿੜਾ (ਅ) ਕਿਹੜਾ

(ਸ) ਕੇਹੜਾ (ਸ) ਕੇੜਹਾ

(ii) ਉੱਚੀ ਦੁਕਾਨ..... ਪਕਵਾਨ। ਅਖਾਣ ਪੂਰੀ ਕਰੋ ।

(ੳ) ਮਿੱਠਾ (ਅ) ਵਧੀਆ

Contd... p/2

(ਇ) ਖੱਟਾ (ਸ) ਫਿੱਕਾ

(iii) ਗੁਰਮੀਤ ਸਬਜ਼ੀ ਨਾਲ ਰੋਟੀ ਖਾ ਰਿਹਾ ਹੈ। ਵਾਕ ਵਿਚ ਸਬਜ਼ੀ ਸ਼ਬਦ ਹੈ :

(ੳ) ਵਸਤੂਵਾਚਕ ਨਾਂਵ (ਅ) ਆਮ ਨਾਂਵ

(ਇ) ਖਾਸ ਨਾਂਵ (ਸ) ਭਾਵ ਵਾਚਕ ਨਾਂਵ

(iv) 'ਉਏ ਮੁੰਡਿਆ' ਕਿਹੜਾ ਕਾਰਕ ਹੈ?

(ੳ) ਅਧਿਕਰਨ ਕਾਰਕ (ਅ) ਕਰਤਾ ਕਾਰਕ

(ਇ) ਸੰਬੰਧ ਕਾਰਕ (ਸ) ਸੰਬੋਧਨ ਕਾਰਕ

4. ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਮੀਨਾਕਸ਼ੀ ਨੇ ਦੱਸਿਆ ਮੈਂ ਐੱਮ ਏ ਕਰ ਲਈ ਹੈ

5. ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ <u>ਇਕ</u> ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋਂ : 2

(i) ਉਂਗਲ ਕਰਨੀ

(ii) ਹੱਥ ਤੇ ਹੱਥ ਧਰ ਕੇ ਬਹਿਣਾ

6. ਮੇਰੇ ਬਸਤੇ ਵਿਚ ਚਾਰ ਕਿਤਾਬਾਂ ਹਨ। ਇਸ ਵਾਕ ਵਿਚ 'ਕਿਤਾਬਾਂ' ਸ਼ਬਦ ਦੀ ਪਦਵੰਡ ਵਿਆਕਰਣ ਅਨੁਸਾਰ ਕੀ ਹੈ? 2

7. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ 'ਤੇ 200 ਸ਼ਬਦਾਂ ਦਾ ਲੇਖ ਲਿਖੋ : 5

ਰਾਸ਼ਟਰੀ ਏਕਤਾ

ਨੁਕਤੇ : ਅੰਗਰੇਜਾਂ ਦੀ ਫੁੱਟ ਪਾਓ ਨੀਤੀ. ਅਜ਼ਾਦੀ ਦਾ ਸੰਘਰਸ਼. ਸੰਕਟਾਂ ਦਾ ਟਾਕਰਾ. ਮਿਲ ਕੇ ਰਹਿਣ ਦਾ ਮਹੱਤਵ. ਸਾਰ ਅੰਸ਼ ।

ਜਾਂ

ਕਰੋਨਾ ਦਾ ਕਹਿਰ

ਨੁਕਤੇ : ਭਿਆਨਕ ਮਹਾਂਮਾਰੀ. ਲੱਛਣ. ਬੀਮਾਰੀ ਦਾ ਪਸਾਰਾ. ਦਵਾਈਆਂ ਤੇ ਇਲਾਜ. ਸਰਕਾਰੀ ਯਤਨ. ਲੋਕਾਂ ਦਾ ਰਵੱਈਆ. ਸਾਰ ਅੰਸ਼।

ਜਾਂ

ਵਾਤਾਵਰਣ ਪ੍ਰਦੂਸ਼ਣ

Contd... p/3

ਨੁਕਤੇ : ਧਰਤੀ ਉੱਤੇ ਜੀਵਨ ਦੀ ਉਪਜ. ਪ੍ਰਦੂਸ਼ਣ ਦਾ ਪਸਾਰ. ਹਵਾ, ਜਲ, ਮਿੱਟੀ, ਸ਼ੋਰ-ਸ਼ਰਾਬਾ, ਖੁਰਾਕ ਦਾ ਪ੍ਰਦੂਸ਼ਿਤ ਹੋਣਾ. ਸਾਵਧਾਨ ਹੋਣ ਦੀ ਲੋੜ. ਸਾਰ-ਅੰਸ਼ ।

8. **ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇਕ ਪੱਤਰ ਲਿਖੋ।** 5

ਆਪਣੇ ਮਿੱਤਰ ਜਾਂ ਸਹੇਲੀ ਨੂੰ ਚਿੱਠੀ ਲਿਖੋ ਜਿਸ ਵਿਚ ਉਸ ਦੀ ਭੈਣ ਦੇ ਹੋਣ ਵਾਲੇ ਵਿਆਹ ਵਿਚ ਬੇਲੋੜੇ ਖਰਚੇ ਨਾ ਕਰਨ ਦੀ ਸਲਾਹ ਦਿੱਤੀ ਜਾਵੇ।

ਨੁਕਤੇ : ਸਤਿਕਾਰ ਭਰੇ ਸ਼ਬਦ. ਵਿਆਹ ਦੀ ਵਧਾਈ. ਸਾਦਾ ਵਿਆਹ ਦੀ ਕਰਨ ਦੀ ਤਾਕੀਦ. ਬੇਲੋੜੇ ਖ਼ਰਚੇ ਨਾ ਕਰਨ ਦੀ ਸਲਾਹ. ਉਹ ਪੈਸਾ ਕਿਸੇ ਚੰਗੇ ਕੰਮ ਵਿਚ ਲਾਉਣ ਦੀ ਸਲਾਹ. ਧੰਨਵਾਦ. ਆਪਣਾ ਸਿਰਨਾਵਾਂ ।

ਜਾਂ

ਪ੍ਰਕਾਸ਼ਕ ਕੋਲੋਂ ਤੁਸੀ ਪੁਸਤਕਾਂ ਮੰਗਵਾਈਆਂ ਸਨ, ਪਰ ਉਹ ਪੁਸਤਕਾਂ ਬੜੀ ਹੀ ਮਾੜੀ ਹਾਲਤ ਵਿੱਚ ਹਨ। ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਪ੍ਰਕਾਸ਼ਕ ਨੂੰ ਪੱਤਰ ਲਿਖੋ ।

ਨੁਕਤੇ : ਸਤਿਕਾਰ ਭਰੇ ਸ਼ਬਦ. ਪਿਛਲੇ ਹਫਤੇ ਪੁਸਤਕ-ਸੂਚੀ ਅਨੁਸਾਰ ਪੁਸਤਕਾਂ ਮੰਗਵਾਈਆਂ. ਕੁਝ ਪੁਸਤਕਾਂ ਦੀ ਹਾਲਤ ਮਾੜੀ. ਜਿਲਦਾ ਫਟੀਆਂ. ਛਪਾਈ ਠੀਕ ਨਹੀਂ. ਪੁਸਤਕਾਂ ਛੇਤੀ ਤੋਂ ਛੇਤੀ ਬਦਲ ਕੇ ਭੇਜਣ ਦੀ ਤਾਕੀਦ. ਧੰਨਵਾਦ. ਆਪਣਾ ਸਿਰਨਾਵਾਂ ।

ਭਾਗ (ਅ)

9.(i) **ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :** 3

ਮਿੱਤਰਾਂ ਦੀ ਮਿਜਮਾਨੀ ਖ਼ਾਤਰ ।
ਦਿਲ ਦਾ ਲਹੂ ਛਾਣੀਦਾ ।। ਰਹਾਉ।।
ਕੱਢਿ ਕਲੇਜਾ ਕੀਤਮ ਬੇਰੇ
ਸੋ ਭੀ ਲਾਇਕ ਨਾਹੀ ਤੇਰੇ ।
ਹੋਰੁ ਤਉਫ਼ੀਕ ਨਹੀਂ ਕਿਛੁ ਮੇਰੇ,
ਪੀਉ ਕਟੋਰਾ ਪਾਣੀ ਦਾ ।

ਜਾਂ

Contd... p/4

ਉਂਜ ਤਾਂ ਸਾਰੀ ਦੁਨੀਆਂ ਵਿਚ ਧਾਕ ਪੰਜਾਬੀ ਦੀ
ਲੱਚਰ ਗੀਤਾਂ ਕੀਤੀ ਮੈਲੀ ਸਾਖ ਪੰਜਾਬੀ ਦੀ
ਸੋਹਣੇ ਗੀਤਾਂ ਸੰਗ ਕਰੀਏ ਸਨਮਾਨ ਪੰਜਾਬੀ ਦਾ,
ਜ਼ੱਰਾ-ਜ਼ੱਰਾ ਕਹਿ ਉੱਠੇ, ਸਾਨੂੰ ਮਾਣ ਪੰਜਾਬੀ ਦਾ ।

10. **ਅਤਿ ਛੋਟੇ ਉੱਤਰਾਂ ਵਾਲੇ ਪ੍ਰਸ਼ਨ :** 1x5=5

(i) ਗੁਰੂ ਅਮਰਦਾਸ ਜੀ ਦੀ ਇਨ੍ਹਾਂ ਵਿਚੋਂ ਕਿਹੜੀ ਬਾਣੀ ਹੈ?

(ੳ) ਮਿਜ਼ਮਾਨੀ (ਅ) ਪੱਟੀ

(ੲ) ਗਉੜੀ ਬੈਰਾਗਣਿ ਮ:3 (ਸ) ਅਨਦੁ

(ii) ਰਹਿੰਦੀ ਦੁਨੀਆਂ ਤਕ ਮਨੁੱਖਤਾਂ ਦੀ ਸੇਵਾ ਕੌਣ ਕਰਨਗੇ?

(ੳ) ਨੌਕਰ (ਅ) ਰੁੱਖ

(ੲ) ਪੈਸੇ (ਸ) ਗ਼ੁਲਾਮ

(iii) ਪੰਜਾਬ ਦੇ ਲੋਕ ਕਿਨ੍ਹਾਂ ਦੇ ਪਿੱਛੇ ਲਗ ਗਏ ਹਨ?

(ੳ) ਪੈਸੇ ਦੇ (ਅ) ਅੰਗਰੇਜ਼ਾਂ ਦੇ

(ੲ) ਦੁਸ਼ਮਣ ਦੇ (ਸ) ਧਰਮ ਦੇ

(iv) ਕਿਸ ਦੀ ਰਾਖੀ ਕਰਨੀ ਚਾਹੀਦੀ ਹੈ?

(ੳ) ਖੇਤਾਂ ਦੀ (ਅ) ਧਨ ਦੀ

(ੲ) ਘਰ ਦੀ (ਸ) ਗਊ, ਗਰੀਬ ਤੇ ਔਰਤਾਂ ਦੀ

(v) ਦਾਦੀ ਕਹਾਣੀਆਂ ਕਿਸ ਨੂੰ ਸੁਣਾਏਗੀ?

(ੳ) ਗੁਆਂਢੀਆਂ ਨੂੰ (ਅ) ਦੋਹਤਿਆਂ ਨੂੰ

(ੲ) ਪੋਤੇ ਨੂੰ (ਸ) ਪੁੱਤਰਾਂ ਨੂੰ

11. **ਅਤਿ ਛੋਟੇ ਪ੍ਰਸ਼ਨ (ਇਕ ਸ਼ਬਦ ਵਾਲੇ)** 1x5=5

(i) ਰਜਨੀ ਦਾ ਸਕੂਲ ਪਿੰਡੋਂ ਕਿੰਨੀ ਦੂਰ ਸੀ?

(ii) ਮੀਨਾਕਸ਼ੀ ਕਿਹੜੀ ਜਮਾਤ ਵਿਚ ਪੜ੍ਹਦੀ ਸੀ?

(iii) ਰਾਮ ਭਜਨੀ ਨੂੰ ਦੁਸ਼ਾਲਾ ਦਾਨ ਕਰਨ ਲਈ ਕੌਣ ਆਖਦਾ ਹੈ?

(iv) ਬੀਬੀ ਭਾਨੀ ਜੀ ਜੀਵਨੀ ਦਾ ਲੇਖਕ ਕੌਣ ਹੈ?

(v) ਨਾਨਕ ਸਿੰਘ ਦੇ ਬਚਪਨ ਦਾ ਨਾਂ ਕੀ ਸੀ?

Contd... p/5

12. **ਅਤਿ ਛੋਟੇ ਪ੍ਰਸ਼ਨ (ਇਕ ਸ਼ਬਦ ਵਾਲੇ)** 1x3=3

(i) ਕਿਸ ਕੌਲ ਲੋਕਾਂ ਦੇ ਦੁੱਖ ਸੁਣਨ ਲਈ ਵਿਹਲ ਨਹੀਂ?

(ii) ਅੰਮ੍ਰਿਤਸਰ ਤੋਂ ਕੌਣ ਆਇਆ ਸੀ?

(iii) ਮਿਲਖਾ ਸਿੰਘ ਕਿੰਨਿਆਂ ਮੁਲਕਾਂ ਵਿਚ ਮੁਕਾਬਲੇ ਦੀ ਦੌੜ ਦੌੜਿਆ?

13. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਦਿਓ** : 2x4=8

(i) ਕੁਦਰਤ ਨਾਲ ਕਿਸ ਨੇ ਤੇ ਕਿਵੇਂ ਖਿਲਵਾੜ ਕੀਤਾ ਹੈ?

(ii) ਆਪਣੇ ਆਪ ਨੂੰ ਕਿਵੇਂ ਸ਼ਾਂਤ ਕੀਤਾ ਜਾ ਸਕਦਾ ਹੈ?

(iii) ਲੋਕ-ਗੀਤਾਂ ਦੇ ਰੂਪ ਕਿਹੜੇ-ਕਿਹੜੇ ਹਨ?

(iv) ਅੰਮ੍ਰਿਤ ਵੇਲ਼ਾ ਕਿਸਨੂੰ ਕਹਿੰਦੇ ਹਨ?

14. **ਛੋਟੇ ਉੱਤਰਾਂ ਵਾਲੇ ਪ੍ਰਸ਼ਨ (20-25 ਸ਼ਬਦਾਂ ਵਿੱਚ)** 2x4=8

(i) ਅਧਿਆਪਕ ਮੋਹਨ ਲਾਲ ਨੂੰ ਕਿਸ ਦਾ ਡਰ ਸੀ?

(ii) ਬੇਬੇ ਰਾਮ ਭਜਨੀ ਕੌਣ ਹੈ?

(iii) ਟਾਹਲੀ ਉੱਤੇ ਬੈਠ ਤੋਤਾ-ਮੈਨਾ ਕੀ ਗੱਲਾਂ ਕਰਦੇ ਹਨ?

(iv) ਕਿਹੜੀ ਦੌੜ ਜਿੱਤਣ ਮਗਰੋਂ ਦੁਨੀਆਂ ਵਿੱਚ 'ਮਿਲਖਾ ਸਿੰਘ, ਮਿਲਖਾ ਸਿੰਘ' ਹੋ ਗਈ?

15. **ਵੱਡੇ ਉੱਤਰਾਂ ਵਾਲੇ ਪ੍ਰਸ਼ਨ (30-35) ਸ਼ਬਦਾਂ ਵਿੱਚ ਉੱਤਰ** : 3x2=6

(i) 'ਰੁੱਖਾਂ ਬਾਝੋਂ ਧਰਤੀ...' ਕਵਿਤਾ ਤੋਂ ਤੁਹਾਨੂੰ ਧਰਤੀ ਉੱਤੇ ਰੁੱਖਾਂ ਦੇ ਮਹੱਤਵ ਬਾਰੇ ਕੀ ਪਤਾ ਲਗਦਾ ਹੈ?

ਜਾਂ

'ਕੁੱਖ ਦੀ ਆਵਾਜ਼' ਕਵਿਤਾ ਵਿਚ ਧੀ ਮਾਂ ਨੂੰ ਕੀ ਕਹਿੰਦੀ ਹੈ?

(ii) ਪੰਜਾਬ ਵਿੱਚ ਘੱਟਦੇ ਜ਼ਮੀਨ ਹੇਠਲੇ ਪਾਣੀ ਦੀ ਸਾਂਭ-ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ?

ਜਾਂ

ਆਸਟ੍ਰੇਲੀਆਂ ਵਿਚ ਲੇਖਕ ਨੂੰ ਭਾਰਤੀਆਂ ਦੀਆਂ ਕਿਹੜੀਆਂ ਬੁਰਾਈਆਂ ਯਾਦ ਆਉਂਦੀ ਹੈ?

16.(i) ਸੱਪ ਨੂੰ ਵੇਖ ਕੇ ਕਲਾਸ ਦੇ ਵਿਦਿਆਰਥੀਆਂ ਵਿਚ ਕਿਸ ਤਰ੍ਹਾਂ ਹਫੜਾ-ਦਫੜੀ ਮਚ ਗਈ । 3

Contd... p/6

ਜਾਂ

ਰੌਹਿਤ ਦੀ ਪ੍ਰਾਹੁਣਚਾਰੀ ਸਭ ਤੋਂ ਪਹਿਲਾ ਕਿਸ ਨੇ ਤੇ ਕੀਤੀ?

(ii) 'ਈਅਰ-ਫੋਨ' ਕਹਾਣੀ ਦਾ ਸੰਖੇਪ-ਸਾਰ ਲਿਖੋ । 3

ਜਾਂ

'ਦੁਸ਼ਮਣੀ' ਕਹਾਣੀ ਦਾ ਉਦੇਸ਼ ਜਾਂ ਮੰਤਵ ਕੀ ਹੈ?

17(i) 'ਬੀਬੀ ਭਾਨੀ ਜੀ' ਜੀਵਨੀ ਦਾ ਸੰਖੇਪ ਸਾਰ ਲਿਖੋ । 3

ਜਾਂ

ਡਾ. ਅਬਦੁਲ ਕਲਾਮ ਦੇ ਜੀਵਨ ਤੋਂ ਸਾਨੂੰ ਕਿਹੜੀਆਂ ਮਾਨਵੀਂ ਕਦਰਾਂ-ਕੀਮਤਾਂ ਦੀ ਸਿੱਖਿਆ ਮਿਲਦੀ ਹੈ?

18. ਜੇਕਰ ਰਾਜਨੀ ਦੀ ਥਾਂ ਤੁਸੀਂ ਇਸ ਸੰਕਟ ਵਿਚ ਫਸ ਜਾਂਦੇ ਤਾਂ ਕੀ ਕਰਦੇ? ਆਪਣੇ ਭਾਵ ਵਿਅਕਤ ਕਰੋ । 3

ਜਾਂ

ਭਾਰਤ ਦੀ ਵੰਡ ਦਾ ਸਭ ਤੋਂ ਜ਼ਿਆਦਾ ਅਸਰ ਕਿਹੜੇ ਪ੍ਰਾਂਤ ਦੇ ਲੋਕਾਂ ਉੱਤੇ ਪਿਆ?

✡ ✡ ✡ ✡ ✡ ✡